www.xtrapapers.com

M12/1/A1PUN/SP1/PAN/TZ0/XX

22120239

International Baccalaureate®
Baccalauréat International
Bachillerato Internacional

**PUNJABI A1 – STANDARD LEVEL – PAPER 1**
**PANJABI A1 – NIVEAU MOYEN – ÉPREUVE 1**
**PUNJABI A1 – NIVEL MEDIO – PRUEBA 1**

Thursday 10 May 2012 (morning)
Jeudi 10 mai 2012 (matin)
Jueves 10 de mayo de 2012 (mañana)

1 hour 30 minutes / 1 heure 30 minutes / 1 hora 30 minutos

---

INSTRUCTIONS TO CANDIDATES

- Do not open this examination paper until instructed to do so.
- Write a commentary on one passage only. It is not compulsory for you to respond directly to the guiding questions provided. However, you may use them if you wish.
- The maximum mark for this examination paper is *[25 marks]*.

INSTRUCTIONS DESTINÉES AUX CANDIDATS

- N'ouvrez pas cette épreuve avant d'y être autorisé(e).
- Rédigez un commentaire sur un seul des passages. Le commentaire ne doit pas nécessairement répondre aux questions d'orientation fournies. Vous pouvez toutefois les utiliser si vous le désirez.
- Le nombre maximum de points pour cette épreuve d'examen est *[25 points]*.

INSTRUCCIONES PARA LOS ALUMNOS

- No abra esta prueba hasta que se lo autoricen.
- Escriba un comentario sobre un solo fragmento. No es obligatorio responder directamente a las preguntas que se ofrecen a modo de guía. Sin embargo, puede usarlas si lo desea.
- La puntuación máxima para esta prueba de examen es *[25 puntos]*.


© International Baccalaureate Organization 2012

www.xtrapapers.com



*ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਤੇ ਟਿੱਪਣੀ ਲਿਖੋ ।*

**1.**

ਆਪਣੀਆਂ ਸਾਰੀਆਂ ਸੋਚਾਂ ਪੂਰੋ ਨੇ ਡੱਕ ਲਈਆਂ, ਤੇ ਉਹ ਸਿਰਫ ਲਾਜੋ ਨੂੰ ਸੋਚਣ ਲੱਗ ਪਈ ।

ਗੀਟੀਆਂ ਗਿਣ ਗਿਣ ਪੂਰੋ ਨੇ ਰਾਤ ਕੱਢੀ । ਉਹ ਦੂਜੀ ਭਲਕ ਵੇਲੇ ਦਾ ਥਹੁ ਲਾਂਦੀ ਰਹੀ ਕਿ ਕਿਹੜੇ ਕੁ ਵੇਲੇ ਲਾਜੋ ਦੇ ਘਰ ਵਾਲੀ ਬੁੱਢੀ ਆਪਣੇ ਪੁੱਤਰ ਨੂੰ ਖੇਤਾਂ ਵਿੱਚ ਰੋਟੀ ਦੇਣ ਗਈ ਹੋਵੇਗੀ ? ਉਸ ਨੇ ਦੋ ਕੁ ਕੋਰੇ ਖੇਸ ਸਿਰ ਉਤੇ ਰੱਖੇ, ਤੇ ਲੀੜੇ ਦੀ ਕੰਨੀ ਵਿਚ, ਕਾਗਜ਼ ਵਿੱਚ ਵਲ੍ਹੇਟੀ ਹੋਈ ਚੁਟਕੀ ਕੁ ਸੁਆਹ ਬੰਨ੍ਹ ਲਈ ।

ਲਾਜੋ ਦੇ ਘਰ ਦਾ ਭੀੜਿਆ ਹੋਇਆ ਬੂਹਾ ਹੱਥਾਂ ਨਾਲ ਖੋਲ੍ਹਣ ਲਗਿਆਂ ਪੂਰੋ ਨੇ ਸਾਰੇ ਪੀਰ ਫਕੀਰ ਧਿਆਏ । ਪੂਰੋ ਨੂੰ ਚਰੋਕਣੇ ਭੁੱਲੇ ਹੋਏ ਦੇਵੀ ਦੇਵਤਿਆਂ ਦੇ ਨਾਂ ਚੇਤੇ ਆਏ, ਉਸ ਤੋਂ ਪਹਿਲਾਂ ਕਿਸੇ ਵੀ ਦਿਨ ਰੱਬ ਤੇ ਖੁਦਾ ਦਾ ਨਾਂ ਲੈਣ ਲਗਿਆਂ ਪੂਰੋ ਕਹਿ ਦੇਂਦੀ ਹੁੰਦੀ ਕਿ ਰੱਬ ਉਹਦਾ ਮਤਰਇਆ ਪਿਉ ਏ, ਖੁਦਾ ਦੀ ਉਹ ਮਤਰੇਈ ਧੀ ਏ, ਕਿਸੇ ਵੀ ਰੱਬ-ਖੁਦਾ ਨੂੰ ਉਹਦੀ ਖਿੱਚ-ਪੀੜ ਨਹੀਂ, ਪਰ ਅੱਜ ਪੂਰੋ ਨੂੰ ਇੱਕ ਸਹਿਮ ਆ ਗਿਆ, ਉਸ ਨੇ ਝਿਜਕ ਜਿਹੀ ਵਿੱਚ ਕਿਸੇ ਰੱਬ ਰਹੀਮ ਨੂੰ ਚੇਤੇ ਕੀਤਾ ਕਿ ਕਿਵੇਂ ਉਹਦਾ ਮੇਲ ਇਕੱਲੀ ਲਾਜੋ ਨਾਲ ਹੋ ਜਾਵੇ ।

ਦੁਪਹਿਰਾਂ ਦਾ ਭੱਤੇ ਵੇਲਾ ਪੂਰੋ ਨੂੰ ਬਹੁੜ ਪਿਆ ਸੀ । ਬੁੱਢੀ ਆਪਣੇ ਪੁੱਤਰ ਨੂੰ ਰੋਟੀ ਦੇਣ ਗਈ ਹੋਈ ਸੀ ਤੇ 'ਕੱਲੀ ਕਾਰੀ ਲਾਜੋ ਵੇਹੜੇ ਵਿੱਚ ਇੱਕ ਅਲਾਣੀ ਮੰਜੀ ਉਤੇ ਪਈ ਹੋਈ ਸੀ ।

"ਅੰਮਾਂ ਕਿਥੇ ਵੇ ?" ਪੂਰੋ ਨੇ ਵੇਹੜੇ ਵਿਚ ਪੈਰ ਪਾਂਦਿਆਂ ਹੀ ਪੁੱਛ ਲਿਆ ।

"ਖੇਤਾਂ ਵਲ ਗਈ ਏ ।" ਲਾਜੋ ਨੇ ਕੱਲ੍ਹ ਖੇਸ ਵੇਚਣ ਵਾਲੀ ਨੂੰ ਤੱਕ ਕੇ ਕਿਹਾ । ਖੇਸਾਂ ਵਾਲੀ ਨਾਲ ਜਾਗੀ ਹੋਈ ਲਾਜੋ ਦੀ ਦਿਲਚਸਪੀ ਲਾਜੋ ਦੇ ਮੂੰਹ ਉਤੋਂ ਪਈ ਲਭਦੀ ਸੀ । ਲਾਜੋ ਮੰਜੀ ਉਤੇ ਉਠ ਕੇ ਬਹਿ ਗਈ ।

ਪੂਰੋ ਨੂੰ ਇਕੋ ਵਾਰਗੀ ਆਪਣੀ ਮਾਂ ਦੀ ਸ਼ਕਲ, ਆਪਣੀ ਭੈਣ ਦੀ ਸ਼ਕਲ, ਆਪਣੀ ਭਾਬੀ ਦੀ ਸ਼ਕਲ ਲਾਜੋ ਦੇ ਮੂੰਹ ਵਿਚੋਂ ਦਿੱਸੀ । ਪੂਰੋ ਲਾਜੋ ਦੇ ਗਲ ਨਾਲ ਚਮੁਟ ਗਈ ।

ਪੂਰੋ ਦੇ ਅੰਦਰੋਂ ਰੋਣ ਉਠਿਆ, ਉਸ ਨੂੰ ਲੱਗਾ, ਉਹਦਾ ਰੋਣ ਕੰਧਾਂ ਨੂੰ ਪਾੜ ਦੇਵੇਗਾ, ਉਹਦਾ ਰੋਣ ਖੇਤਾਂ ਨੂੰ ਚੀਰ ਜਾਏਗਾ, ਉਹਦਾ ਰੋਣ ਪਿੰਡਾਂ ਨੂੰ ਲੰਘ ਜਾਏਗਾ, ਉਹਦਾ ਰੋਣ ਸ਼ਹਿਰਾਂ ਨੂੰ ਟੱਪ ਜਾਏਗਾ, ਉਹਦਾ ਰੋਣ ---- ।

ਪੂਰੋ ਨੇ ਆਪਣਾ ਰੋਣ ਸੰਘ ਵਿੱਚੋਂ ਵੀ ਬਾਹਰ ਨਾ ਨਿਕਲਣ ਦਿੱਤਾ । "ਤੂੰ ਲਾਜੋ ਏਂ, ਮੇਰੀ ਭਾਬੀ ----" ਪੂਰੋ ਨੇ ਸਾਰੇ ਗੁਬਾਰ ਆਪਣੇ ਅੰਦਰ ਵਲ੍ਹੇਟ ਕੇ ਆਖਿਆ ।

ਤੂੰ ਪੂਰੋ ਏਂ ? ਲਾਜੋ ਨੇ ਉਹਦੀ ਛਾਤੀ ਨਾਲੋਂ ਲਹਿ ਕੇ ਉਹਦਾ ਮੂੰਹ ਵੇਖਿਆ, ਪਰ ਲਾਜੋ ਨੇ ਪਹਿਲਾਂ ਕਦੇ ਪੂਰੋ ਨੂੰ ਤੱਕਿਆ ਨਹੀਂ ਸੀ ਜੁ ਪਛਾਣਦੀ, ਫਿਰ ਵੀ ਲਾਜੋ ਨੂੰ ਪੂਰੋ ਦਾ ਮੂੰਹ ਸਗਵੇਂ ਦਾ ਸਗਵਾਂ ਪੂਰੋ ਦੇ ਭਰਾ ਵਰਗਾ ਲਗਾ, ਆਪਣੇ ਖਾਵੰਦ ਵਰਗਾ ---- ਲਾਜੋ ਨੂੰ ਇੱਕ ਗਚ ਭਰ ਆਇਆ, ਜਿਵੇਂ ਉਹ ਆਪਣੇ ਖਾਵੰਦ ਦੇ ਸਾਹਮਣੇ ਅੱਖਾਂ ਨਾ ਚੁੱਕ ਸਕਦੀ ਹੋਵੇ, ਲਾਜੋ ਪੂਰੋ ਦੀਆਂ ਲੱਤਾਂ ਤੇ ਢਹਿ ਪਈ ।

ਲਾਜੋ ਦੇ ਅੰਦਰ ਪਈਆਂ ਜੋ ਜੋ ਬੀਤਦੀਆਂ ਸਨ, ਖੌਰੇ ਪੂਰੋ ਦੀਆਂ ਆਪਣੀਆਂ ਨਾੜਾਂ ਵਿਚੋਂ ਪਈਆਂ ਲੰਘਦੀਆਂ ਸਨ । ਪੂਰੋ ਕੋਲ ਕੁਝ ਵੀ ਪੁਛਣ ਗੋਚਰਾ ਨਹੀਂ ਸੀ । ਪੂਰੋ ਨੇ ਘੁਟ ਘੁਟ ਕੇ ਲਾਜੋ ਨੂੰ ਕਲੇਜੇ ਨਾਲ ਲਾਇਆ ।

"ਕੋਈ ਆ ਜਾਏਗਾ ਲਾਜੋ, ਮੇਰੀ ਗੱਲ ਸੁਣ ।" ਪੂਰੋ ਨੂੰ ਸਮੇਂ ਦੀ ਸੁਰਤ ਆਈ । ਲਾਜੋ ਦੀਆਂ ਭੁੱਬਾਂ ਨਹੀਂ ਸਨ ਰੁਕਦੀਆਂ, ਲਾਜੋ ਦਾ ਸਾਹ ਨਹੀਂ ਸੀ ਸਾਹ ਵਿੱਚ ਰਲਦਾ ।

"ਉਹ ਕਿਹੜੇ ਵੇਲੇ ਪਰਤ ਆਉਂਦੀ ਏ ?" ਪੂਰੋ ਨੇ ਫੇਰ ਪੁਛਿਆ ।

"ਮੈਨੂੰ ਕੁਝ ਨਹੀਂ ਪਤਾ, ਮੈਨੂੰ ਆਪਣੇ ਕੋਲ ਲੈ ਚੱਲ ।" ਲਾਜੋ ਸਿੱਧੀ ਨਹੀਂ ਸੀ ਹੁੰਦੀ, ਪੂਰੋ ਦੀਆਂ ਲੱਤਾਂ ਨਾਲੋਂ ਲਹਿੰਦੀ ਨਹੀਂ ਸੀ ।

"ਲੈਣ ਤਾਂ ਆਈ ਹਾਂ, ਹੋਰ ਕਰਨ ਕੀ ਆਈ ਹਾਂ, ਮੇਰੀ ਗੱਲ ਤੇ ਸੁਣ !"

ਪੂਰੋ ਨੇ ਮੋਢਿਆਂ ਤੋਂ ਫੜ ਕੇ ਲਾਜੋ ਦਾ ਮੂੰਹ ਉੱਚਾ ਕੀਤਾ ।

"ਹਾਏ ਮੈਨੂੰ ਲੈ ਚੱਲ !"

"ਪਰ ਤੂੰ ਸੰਭਲ ਕੇ ਬੈਠ, ਕੋਈ ਉਤੋਂ ਆ ਜਾਏਗਾ ।"

"ਮੈਨੂੰ ਲੈ ਕੇ ਨੱਸ ਚੱਲ, ਮੈਂ ਸਾਰੀ ਉਮਰ ਤੇਰੀ ਚਾਕਰ ਬਣ ਕੇ ਰਵ੍ਹਾਂਗੀ ।"

ਅਮ੍ਰਿਤਾ ਪ੍ਰੀਤਮ, *ਪਿੰਜਰ* (2000)

www.xtrapapers.com



– ਲਾਜੋ ਦੇ ਦਿਲ ਦੀ ਹਾਲਤ ਦੱਸਣ ਲਈ ਲੇਖਕਾ ਕਿਹੜੇ ਕਿਹੜੇ ਢੰਗਾਂ ਦੀ ਵਰਤੋਂ ਕਰਦੀ ਹੈ ?

– ਵਾਰਤਾ ਵਿੱਚ ਲਾਜੋ ਤੇ ਪੂਰੋ ਦੇ ਸਬੰਧ ਕਿਵੇਂ ਬਿਆਨ ਕੀਤੇ ਗਏ ਹਨ ?

– ਇਸ ਵਾਰਤਾ ਵਿੱਚ ਲੇਖਕਾ ਵਲੋਂ ਵਰਤੀ ਗਈ ਬੋਲੀ ਅਤੇ ਸ਼ਬਦਾਵਲੀ ਤੇ ਟਿੱਪਣੀ ਕਰੋ ।

www.xtrapapers.com



**2.**

**ਦੋਸਤੋ ! ਹੁਣ ਪਿੱਠ ਮੇਰੀ ਤੇ ਅੰਗਿਆਰ ਨਾ ਧਰੋ ।**

ਦੋਸਤੋ ! ਹੁਣ ਪਿੱਠ ਮੇਰੀ ਤੇ ਅੰਗਿਆਰ ਨਾ ਧਰੋ ।
ਵਾਰ ਜੇ ਕਰਨਾ ਹੀ ਹੈ ਤਾਂ ਵਾਰ ਸੀਨੇ ਤੇ ਕਰੋ ।

ਜੀਣ ਹੈ ਨਾ ਮਰਨ ਮੇਰਾ, ਖਾਣ ਹੈ ਨਾ ਪੀਣ ਹੈ,
ਇਸ ਅਨੋਖੀ ਮਰਜ਼ ਦਾ ਕੋਈ ਦਵਾ ਦਾਰੂ ਕਰੋ ।

ਸੋਨ ਮੋਤੀ ਨੂੰ ਕਦੇ ਮੈਥੋਂ ਨਾ ਕੋਈ ਖੋਹ ਲਵੇ,
ਨਾਲ ਸੀਨੇ ਦੇ ਲਾ ਕੇ ਰੱਖਾਂ ਗਾਨੀ ਦੇ ਵਿੱਚ ਪਰੋ ।

ਇਸ਼ਕ ਦੀ ਇਸ ਖੇਡ ਨੂੰ ਸੌਖਾ ਨਹੀਂ ਹੈ ਖੇਡਣਾ,
ਖੇਡਣਾ ਤਾਂ ਸਭ ਤੋਂ ਪਹਿਲਾਂ ਸਿਰ ਹਥੇਲੀ ਤੇ ਧਰੋ ।

ਕੌਣ ਕਹਿੰਦਾ ਹੈ ਮੁਹੱਬਤ ਖੋਰਦੀ ਹੈ ਜਿੰਦ ਨੂੰ ?
ਜੀਣ ਵਰਗੀ ਹੈ ਮੁਹੱਬਤ, ਆਤਮਾ ਤੋਂ ਜੇ ਕਰੋ ।

ਵੇਵਫਾ ਇਨਸਾਨ ਹੈ, ਜੀਵਨ ਨਹੀਂ ਹੈ ਵੇਵਫਾ,
ਤੁਰ ਗਿਆ ਜੋ ਛੱਡ ਕੇ ਨਾ ਉਸ ਲਈ ਹੌਕੇ ਭਰੋ ।

ਕੌਣ ਹੈ ਇੱਥੇ ਕਿਸੇ ਦਾ ਬੱਸ ਕਰ ਲਵੋ ਦਿਨ-ਕਟੀ,
ਪਿਆਰ ਜੇ ਮਿਲੇ ਸੱਚਾ ਤਾਂ ਪਿਆਰ ਲਈ ਕੁਝ ਵੀ ਕਰੋ ।

ਕੁਲਜੀਤ ਕੌਰ, *ਗਜ਼ਲ* (2006)

– ਟਿੱਪਣੀ ਕਰੋ ਕਿ ਇਸ ਕਵਿਤਾ ਵਿੱਚ ਕਵਿਤਰੀ ਨੇ ਪਿਆਰ ਦੇ ਮਨੋਭਾਵ ਪੇਸ਼ ਕਰਨ ਲਈ ਬੋਲੀ ਦੀ ਵਰਤੋਂ ਕਿਵੇਂ ਕੀਤੀ ਹੈ ।

– ਕਵਿਤਰੀ ਵਲੋਂ ਕਵਿਤਾ ਵਿੱਚ ਵਰਤੇ ਗਏ ਸਾਹਿਤਕ ਢੰਗਾਂ ਤੇ ਟਿੱਪਣੀ ਕਰੋ ।

– ਇਸ ਕਵਿਤਾ ਦੀ ਰਚਨਾ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?